# 8

## ਸ਼ਸਤ੍ਰਨ ਸੋਂ ਅਤਿ ਹੀ ਰਣ ਭੀਤਰ ਜੂਝ ਮਰੋਂ ਤਉ ਸਾਚ ਪਤੀਜੈ

## Shastran Sau Att Hee Ran Bheetar Jhoojh Maron Tau Saach Pateejai

*"ਜਿਸਨੂੰ ਵੀ ਪ੍ਰਾਪਤੀ ਦਾ ਅੰਮ੍ਰਿਤ ਰਸ ਪ੍ਰਾਪਤ ਹੋ ਗਿਆ ਹੋਵੇ, ਇਸਤੋਂ ਇਲਾਵਾ ਜਿਸਨੂੰ ਜਾਂਮੇ ਸ਼ਹਾਦਤ ਦਾ ਵੀ ਅੰਮ੍ਰਿਤ ਰਸ ਪ੍ਰਾਪਤ ਹੋ ਗਿਆ ਹੋਵੇ, ਜੋ ਦੋਨੋਂ ਅੰਮ੍ਰਿਤ ਰਸ ਪ੍ਰਾਪਤ ਹੋ ਗਏ ਹੋਣ ਤੇ ਉਹ ਦਾਅਵੇ ਨਾਲ ਕਹਿ ਸਕਦਾ ਹੈ ਕਿ ਸਾਹਿਬ ਦੇ ਚਰਨਾਂ ਦੇ ਵਿਚ ਜਾਂਮੇ ਸ਼ਹਾਦਤ' ਦਾ ਅੰਮ੍ਰਿਤ ਰਸ 'ਪ੍ਰਾਪਤੀ' ਦੇ ਅੰਮ੍ਰਿਤ ਰਸ ਨਾਲੋਂ ਬਹੁਤ ਉੱਚਾ ਹੈ |"*

*- ਬਾਬਾ ਨਰਿੰਦਰ ਸਿੰਘ ਜੀ*

# ਸਿੱਖ ਅਤੇ ਗੁਰੂ ਦਾ ਪਾਕ ਰਿਸ਼ਤਾ

ਸਾਧ ਸੰਗਤ ਜੀ ਇਹ ਨਿਰੰਕਾਰ ਦੇ ਪ੍ਰਕਾਸ਼ ਦੀ ਡੋਰ, ਚੱਕਰ ਦੇ ਨਾਲ ਜਿਹੜਾ ਸਮੇਂ ਦਾ ਚੱਕਰ ਨਾਲ ਚੱਲ ਰਿਹਾ ਹੈ, ਇਸ ਪ੍ਰਕਾਸ਼ ਦੇ ਵਿੱਚ ਰਹਿੰਦੀ ਦੁਨੀਆਂ ਤਕ ਰਹਿਣ ਵਾਲਾ ਜੋ ਰੰਗ ਸਾਹਿਬ ਭਰ ਗਏ ਹਨ, ਮਹਾਂਰਿਸ਼ੀ ਬਾਲਮੀਕ ਜੀ ਆਪਣੀ ਰਾਮਾਇਣ ਦੇ ਵਿੱਚ ਇੱਕ ਅੰਮ੍ਰਿਤ ਬਚਨ ਲਿਖਦੇ ਹਨ | ਜਿਸ ਵਕਤ ਭਗਵਾਨ ਜੀ ਰਾਮ ਜੀ ਨੂੰ ਬਨਵਾਸ ਹੋ ਗਿਆ ਹੈ, ਲਛਮਣ ਜੀ ਉਸ ਚੀਜ਼ ਨੂੰ ਜ਼ਰ ਨਹੀਂ ਸਕਦੇ, ਸਮਝਾਣ ਦੀ ਕੋਸ਼ਿਸ਼ ਕਰਦੇ ਹਨ ਕਿ ਹੇ ਮੇਰੇ ਵੀਰ ਇਹ ਜੋ ਫੈਂਸਲਾ ਹੈ, ਇਹ ਗਲਤ ਹੈ, ਇਹ ਕਿਸੇ ਮਜਬੂਰੀ ਵਿੱਚ ਕੀਤਾ ਗਿਆ ਹੈ, ਇਹ ਫੈਂਸਲਾ ਨਹੀਂ ਮਨਣਾ ਚਾਹੀਦਾ |

ਭਗਵਾਨ ਰਾਮ ਸਭ ਸੁਣਦੇ ਰਹੇ ਪਰ ਜਵਾਬ ਇੱਕ ਹੀ ਦਿੱਤਾ ਹੈ ਰਾਮ ਆਗਿਆ ਪਾਲਕ ਹੈ, ਆਗਿਆ ਵਿੱਚਾਰਕ ਨਹੀਂ | ਜੋ ਆਗਿਆ ਉਨ੍ਹਾਂ ਦੇ ਪੂਜੀਆ ਪਿਤਾ ਜੀ ਨੇ ਦਿੱਤੀ ਸੀ ਉਸਦੀ ਹੁਕਮ ਦੀ ਪਾਲਨਾ ਕਿਸ ਤਰ੍ਹਾਂ ਕਰਦੇ ਹਨ |

ਸਾਧ ਸੰਗਤ ਉਸ ਪਾਲਨਾ ਦੇ ਵਿੱਚ ਜੋ ਭਗਵਾਨ ਰਾਮ ਜੀ ਨੇ 14 ਸਾਲ ਬਚਿੱਤਰ ਲੀਲ੍ਹਾ ਰਚੀ ਹੈ ਜਿਸ ਦੇ ਨਾਲ ਇਹ ਰਾਮਾਇਣ ਬਣੀ | ਸਾਧ ਸੰਗਤ ਜੀ ਰਹਿੰਦੀ ਦੁਨੀਆਂ ਤਕ ਉਸ ਪ੍ਰੇਮ ਦਾ, ਉਸ ਨਿਮਰਤਾ ਤੇ ਗਰੀਬੀ ਦੇ ਪ੍ਰਕਾਸ਼ ਨੂੰ ਭਰ ਗਏ ਹਨ |

ਬਾਬਾ ਨੰਦ ਸਿੰਘ ਸਾਹਿਬ ਸਿੱਖ ਅਤੇ ਸਤਿਗੁਰੂ ਦੇ ਰਿਸ਼ਤੇ ਪ੍ਰਤੀ ਬਚਨ ਕਰਦੇ ਹੋਏ ਫੁਰਮਾਉਣ ਲੱਗੇ, ਅਰਜਨ ਅਤੇ ਦੁਰਯੋਧਨ ਦੋਨੋਂ ਹੀ ਭਗਵਾਨ ਕ੍ਰਿਸ਼ਨ ਦੇ ਚਰਨਾਂ ‘ਚ ਪਹੁੰਚਦੇ ਹਨ | ਭਗਵਾਨ ਕ੍ਰਿਸ਼ਨ ਆਰਾਮ ਕਰ ਰਹੇ ਸਨ, ਅਰਜਨ ਉਨ੍ਹਾਂ ਦੇ ਚਰਨਾ ਵੱਲ ਬੈਠ ਕੇ ਇੰਤਜਾਰ ਕਰ ਰਿਹਾ ਹੈ | ਇੰਨੀ ਦੇਰ ਨੂੰ ਦੁਰਯੋਧਨ ਵੀ ਪਹੁੰਚ ਗਿਆ ਅਤੇ ਉਹ ਉਨ੍ਹਾਂ ਦੇ ਸਰ੍ਹਾਨੇ ਵੱਲ ਬੈਠ ਗਿਆ | ਇੰਤਜਾਰ ਕਰ ਰਹੇ ਹਨ ਕਿ ਕਦੋਂ ਭਗਵਾਨ ਉਠਣਗੇ | ਜਿਸ ਵਕਤ ਉਨ੍ਹਾਂ ਨੇ ਨੇਤਰ ਖੋਲ੍ਹੇ ਤਾਂ ਪਹਿਲੀ ਨਜ਼ਰ ਅਰਜਨ ਤੇ ਪਈ ਹੈ ਜਦੋਂ ਸਰ੍ਹਾਨੇ ਵੱਲ ਦੇਖਿਆ ਤਾਂ ਦੁਰਯੋਧਨ ਬੈਠਾ ਸੀ | ਪੁੱਛਿਆ ਕਿਸ ਤਰ੍ਹਾਂ ਆਉਣਾ ਹੋਇਆ | ਉਨ੍ਹਾਂ ਨੇ ਬੇਨਤੀ ਕੀਤੀ ਕਿ ਗਰੀਬ ਨਿਵਾਜ! ਆਪ ਸਾਡੇ ਦੋਨਾਂ ਵਿੱਚ ਕਿਸ ਪਾਸੇ ਹੋ, ਜਦੋਂ ਦੁਰਯੋਧਨ ਨੇ ਬੇਨਤੀ ਕੀਤੀ ਤਾਂ ਫਿਰ ਭਗਵਾਨ ਕ੍ਰਿਸ਼ਨ ਨੇ ਵਾਹਦਾ ਕੀਤਾ ਕਿ ਅਸੀ ਜੰਗ ਦੇ ਵਿੱਚ ਹਿਸਾ ਨਹੀਂ ਲਵਾਂਗੇ, ਦੇਖਾਂਗੇ ਜਰੂਰ ਪਰ ਨਿਹੱਥੇ ਦੇਖਾਂਗੇ | ਅਸੀਂ ਇੱਕ ਪਾਸੇ ਹਾਂ, ਇੱਕ ਪਾਸੇ ਸਾਡੀ ਸਾਰੀ ਸ਼ਕਤੀ, ਪੂਰੀ ਤਾਕਤ ਹੈ, ਫੌਜ ਹੈ, ਹਥਿਆਰ ਹਨ | ਦੁਰਯੋਧਨ ਕਹਿਣ ਲੱਗਾ ਜੀ ਮੈਂ ਮੰਗਾਂ | ਭਗਵਾਨ ਕ੍ਰਿਸ਼ਨ ਫੁਰਮਾਉਣ ਲੱਗੇ ਕਿ ਦੁਰਯੋਧਨ ਸਾਡੀ ਨਜ਼ਰ ਪਹਿਲੋਂ ਅਰਜਨ ਵੱਲ ਪਈ ਹੈ ਪਹਿਲੇ ਉਹ ਮੰਗੇਗਾ

ਉਹਦੇ ਬਾਅਦ ਹੀ ਤੁਹਾਡੀ ਵਾਰੀ ਹੈ | ਅਰਜਨ ਹੱਥ ਜੋੜ ਕੇ ਮੰਗ ਕੀ ਰਿਹਾ ਹੈ ਆਪਣੇ ਨਿਹੱਥੇ ਭਗਵਾਨ ਨੂੰ | ਸਿੱਖ ਤੇ ਗੁਰੂ ਦੇ ਰਿਸ਼ਤੇ ਪ੍ਰਤੀ ਬਾਬਾ ਨੰਦ ਸਿੰਘ ਸਾਹਿਬ ਬਚਨ ਕਰ ਰਹੇ ਸਨ, ਮੰਗ ਰਿਹਾ ਹੈ ਭਗਵਾਨ ਨੂੰ ਪਰ ਉਹ ਵੀ ਨਿਹੱਥੇ ਭਗਵਾਨ ਨੂੰ | ਕੀ ਮਜਾਲ ਹੈ ਉਹਦਾ ਧਿਆਨ ਵੀ ਉਨ੍ਹਾਂ ਦੀ ਸ਼ਕਤੀ, ਉਨ੍ਹਾਂ ਦੀ ਤਾਕਤ ਜਾਂ ਕਿਸੇ ਹੋਰ ਦਾਤ ਵੱਲ ਗਿਆ ਹੋਵੇ | ਦੁਰਯੋਧਨ ਬੜਾ ਖੁਸ਼ ਹੋਇਆ | ਸੋਚ ਰਿਹਾ ਸੀ ਮੰਗਣਾ ਵੀ ਉਹੀ ਚੀਜ਼ ਚਾਹੁੰਦਾ ਸੀ, ਉਨ੍ਹਾਂ ਦੀ ਸ਼ਕਤੀ ਅਤੇ ਤਾਕਤ ਨੂੰ ਪਰ ਸਾਧ ਸੰਗਤ ਜੀ ਜਿਸ ਵਕਤ ਜੰਗੇ ਮਹਾਂਭਾਰਤ ਦੇ ਮੈਦਾਨ ਵਿੱਚ ਖਲੋ ਕੇ ਜਦੋਂ ਭਗਵਾਨ ਕ੍ਰਿਸ਼ਨ ਦੋਨੋਂ ਪਾਸੇ ਦੇਖਦੇ ਹਨ ਉਸ ਵੇਲੇ ਅਰਜਨ ਕੁੱਝ ਪ੍ਰਸ਼ਨ ਪੁੱਛਣੇ ਸ਼ੁਰੂ ਕਰ ਦਿੰਦਾ ਹੈ | ਪਿਤਾ ਜੀ ਸਮਝਾਉਂਦੇ ਹੋਏ ਫੁਰਮਾਉਣ ਲੱਗੇ ਕਿ ਅਰਜਨ ਦੇ ਵਿੱਚ ਕੋਈ ਕਮਜੋਰੀ ਨਹੀਂ ਸੀ, ਅਰਜਨ ਬੜਾ ਸੁਲਝਿਆ ਹੋਇਆ ਸੀ ਜਿਸਨੇ ਸਿਰਫ ਗੁਰੂ ਨੂੰ ਹੀ ਮੰਗਿਆ ਹੈ, ਆਪਣੇ ਸਤਿਗੁਰੂ ਨੂੰ ਹੀ ਮੰਗਿਆ ਹੈ | ਉਸ ਵੇਲੇ ਜਿਹੜੇ ਪ੍ਰਸ਼ਨ ਪੁੱਛ ਰਿਹਾ ਹੈ, ਜਿਹੜੀ ਜੁਗਤੀ ਵਰਤ ਰਿਹਾ ਹੈ ਉਹ ਕਿਸ ਕਰਕੇ, ਉਹੀ ਪ੍ਰਸ਼ਨ ਜਿਹੜੇ ਇੱਕ ਫਾਨੀ ਇਨਸਾਨ ਜਿਹੜੇ ਬੰਧਨਾ' 'ਚ ਉਹ ਫਸਿਆ ਹੁੰਦਾ ਹੈ, ਜਿਹੜੀਆਂ ਚੀਜਾਂ ਉਸ ਵੇਲੇ ਉਹ ਸੋਚਦਾ ਹੈ ਉਹ ਸਾਰੇ ਪ੍ਰਸ਼ਨ ਪੁੱਛੇ | ਉਹ ਭਗਵਾਨ ਕ੍ਰਿਸ਼ਨ ਦਾ ਸਾਰਾ ਪ੍ਰੇਮ ਪ੍ਰਸ਼ਨਾਂ ਰਾਹੀਂ ਖਿੱਚ ਲੈਂਦਾ ਹੈ | ਉਹ ਪ੍ਰੇਮ ਕਰਦੇ ਹਨ ਅਰਜਨ ਨਾਲ, ਅਰਜਨ ਜੁੱਗਤੀ ਵਰਤ ਰਿਹਾ ਹੈ | ਉਹ ਕਿਹਦੇ ਵਾਸਤੇ ਖਿੱਚ ਰਿਹਾ ਹੈ, ਰਹਿੰਦੀ ਦੁਨੀਆਂ ਤਕ ਜਿੰਨੇ ਵੀ ਪ੍ਰਸ਼ਨ ਕਿਸੇ ਫਾਨੀ ਇਨਸਾਨ ਦੇ ਮਨ ਦੇ ਵਿੱਚ ਪੈਦਾ ਹੋ ਸਕਦੇ ਹਨ, ਉਸ ਵੇਲੇ ਉਨ੍ਹਾਂ ਦਾ ਜਵਾਬ ਖਿੱਚ ਰਿਹਾ ਹੈ | ਪਿਤਾ ਜੀ ਕਹਿਣ ਲੱਗੇ ਉਸ ਪ੍ਰੇਮ ਨੂੰ ਖਿੱਚ

ਕੇ ਮਾਤਾ ਗੀਤਾ ਦੇ ਵਿੱਚ ਭਗਵਾਨ ਕ੍ਰਿਸ਼ਨ ਦੇ ਉਸ ਪ੍ਰੇਮ ਦਾ ਪ੍ਰਸ਼ਾਦ ਅਰਜਨ ਨੇ ਵੰਡ ਦਿੱਤਾ | ਉਸੇ ਪ੍ਰੇਮ 'ਚ ਜਿਸ ਵਕਤ ਬਚਨ ਕਰ ਰਹੇ ਹਨ ਭਗਵਾਨ ਫੁਰਮਾ ਕੀ ਰਹੇ ਹਨ ? ਬਾਅਦ ਵਿੱਚ ਭਗਵਾਨ ਉਸਨੂੰ ਕਹਿਣ ਲੱਗੇ "ਅਰਜਨ ਸਾਨੂੰ ਆਪਣਾ ਸਤਿਗੁਰੂ ਸਮਝ ਲੈ, ਸਤਿਗੁਰੂ ਮਨ ਲੈ, ਆਪਣੀ ਬੁੱਧੀ, ਆਪਣਾ ਮਨ, ਆਪਣੀ ਸੋਚ ਸਾਨੂੰ ਅਰਪਣ ਕਰ ਦੇ | ਸਾਡੀ ਆਗਿਆ, ਸਾਡੀ ਸੋਚ ਵਿੱਚ ਆ ਜਾ, ਜੋ ਅਸੀ ਆਗਿਆ ਦੇਵਾਂਗੇ ਉਸੇ ਤਰ੍ਹਾਂ ਚਲਦਾ ਰਹੋ|" ਬਾਬਾ ਨੰਦ ਸਿੰਘ ਸਾਹਿਬ ਫੁਰਮਾਉਣ ਲੱਗੇ ਕਿ ਸਤਿਗੁਰੂ ਨੇ ਕੀ ਕਰਨਾ ਹੈ? ਫੁਰਮਾਇਆ ਇਹ ਜਿਹੜੀ 'ਮੈਂ' ਹੈ ਇਹਦੀ ਜਿਹੜੀ ਸੋਚ ਹੈ ਉਹ ਹੈ ਮਨ ਦੀ ਸੋਚ | ਜਿਹੜਾ 'ਮੈਂ ਮੈਂ' ਕਰਦਾ ਹੈ ਉਹ ਆਪਣੀ ਮਨ ਦੀ ਸੋਚ ਦੇ ਮਗਰ ਤੁਰਦਾ ਹੈ, ਉਹ ਮਨਮੁੱਖ ਹੈ | ਜਿਹੜਾ ਗੁਰੂ ਦੀ ਸੋਚ ਵਿੱਚ ਹੈ, ਉਹ ਗੁਰਮਤ ਦੇ ਵਿੱਚ ਹੈ, ਉਹ ਗੁਰੂ ਦੀ ਆਗਿਆ ਵਿੱਚ ਚਲਦਾ ਹੈ, ਗੁਰੂ ਦੀ ਸੋਚ ਵਿੱਚ ਚਲਦਾ ਹੈ, ਉਹਦੀ ਆਪਣੀ ਸੋਚ ਕੋਈ ਨਹੀਂ | ਉਸ ਵੇਲੇ ਸਤਿਗੁਰੂ ਲੈਂਦਾ ਕੀ ਹੈ? ਉਹ ਸਿੱਖ ਦੀ ਸੋਚ ਨੂੰ ਖ਼ਤਮ ਕਰਦਾ ਹੈ ਪਰ ਪਹਿਲੋਂ ਇਹ ਜਿਹੜੀਆਂ ਦਾਤਾਂ ਹਨ ਜਿਹੜੇ ਪਦਾਰਥਾਂ ਨੂੰ ਰੋਜ਼ ਮੰਗਦਾ ਹੈ, ਇਸ ਦੁਨੀਆਂ ਦੇ ਮਾਇਆ ਦੇ ਪਦਾਰਥਾਂ ਦੀ ਰੋਜ਼ ਹੀ ਥੋੜ ਪਈ ਰਹਿਣੀ ਹੈ ਉਨ੍ਹਾਂ ਨੂੰ ਖਤਮ ਕਰਦਾ ਹੈ, ਉਨ੍ਹਾਂ ਵਿੱਚੋਂ ਕੱਢ ਲੈਂਦਾ ਹੈ, ਉਸ ਵੇਲੇ ਉਸਨੂੰ ਅਭੈ ਅਤੇ ਅਜ਼ਾਦ ਕਰ ਦਿੰਦਾ ਹੈ | ਉਸਨੂੰ ਹੁਕਮ ਅਤੇ ਰਜ਼ਾ ਵਿੱਚ ਟਿਕਾ ਦਿੰਦਾ ਹੈ ਫਿਰ ਸਤਿਗੁਰੂ ਦੀ ਸੋਚ ਵਿੱਚ ਜਿਸ ਵੇਲੇ ਸਿੱਖ ਆ ਜਾਂਦਾ ਹੈ ਉਸਨੂੰ ਭਾਣੇ ਅਤੇ ਰਜ਼ਾ ਦੇ ਸਾਂਚੇ ਵਿੱਚ ਘੜ੍ਹ ਅਤੇ ਮੜ੍ਹ ਦਿੰਦਾ ਹੈ ਇਹ ਸਤਿਗੁਰੂ ਕਰਦਾ ਹੈ | ਬਾਬਾ ਨੰਦ ਸਿੰਘ ਸਾਹਿਬ ਨੇ ਫੁਰਮਾਇਆ ਅਤੇ ਪਿਤਾ ਜੀ ਨੇ ਕਈ

ਸੋਝੀਆਂ ਪਾਈਆਂ |

ਸਾਧ ਸੰਗਤ ਜੀ ਆਪ ਸੋਚ ਕੇ ਦੱਸੋ ਕਿ ਅੱਸੀ ਹਜ਼ਾਰ ਦੀ ਸੰਗਤ ਬੈਠੀ ਹੈ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਆਗਿਆ ਦੇ ਰਹੇ ਹਨ ਕਿਇੱਕਸੀਸ ਚਾਹੀਦਾ ਹੈ, ਭਗੌਤੀ ਹੱਥ ਦੇ ਵਿੱਚ ਹੈ, ਉਹ ਕਿਹੜਾ ਮਹਾਨ ਆਗਿਆ ਪਾਲਕ ਉਠਿਆ ਸੀ ਜਿਹੜਾ ਜਰਾ ਵੀ ਵਿੱਚਾਰਕ ਨਹੀਂ ਸੀ | ਉਠਿਆ ਹੈ ਸਿੱਧਾ ਆਪਣੇ ਪਰਮ ਲਕਛ ਵੱਲ, ਆਪਣੇ ਨਿਰੰਕਾਰ ਵੱਲ, ਆਪਣਾ ਸੀਸ ਭੇਟ ਕਰਨ ਵਾਸਤੇ | ਆਪਣੇ ਸਤਿਗੁਰੂ ਵੱਲ ਤੁਰਿਆ ਜਾ ਰਿਹਾ ਹੈ, ਉਹ ਆਗਿਆ ਪਾਲਕ ਭਾਈ ਦਇਆ ਸਿੰਘ ਜਿਸਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣਾ ਆਪ ਦੇ ਦਿੱਤਾ ਹੈ ਅਤੇ ਜਿਸਨੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਆਗਿਆ ਪਾਲਕ ਬਣਕੇ ਉਸ ਪ੍ਰਕਾਸ਼ ਦੇ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਪ੍ਰਾਪਤ ਕੀਤਾ ਹੈ |

## ਚਾਰੋਂ ਸਾਹਿਬਜ਼ਾਦਿਆਂ ਨੇ ਸਿੱਖੀ ਨੂੰ ਚਾਰ ਚੰਦ ਲਗਾ ਦਿੱਤੇ

ਸਿੱਖ ਅਤੇ ਗੁਰੂ ਦੇ ਪਾਕ ਰਿਸ਼ਤੇ ਨੂੰ ਸਿੱਖੀ ਕਹਿੰਦੇ ਹਨ | ਸਾਧ ਸੰਗਤ ਜੀ ਇਹ ਸਿੱਖੀ ਉਹ ਪ੍ਰਕਾਸ਼ ਹੈ ਜਿਸ ਪ੍ਰਕਾਸ਼ ਦੇ ਵਿੱਚ ਸਿੱਖ ਗੁਰੂ ਪਰਾਇਣ ਹੋ ਜਾਂਦਾ ਹੈ | ਸਿੱਖ ਗੁਰੂ ਦੇ ਉੱਤੇ ਕੁਰਬਾਨ ਹੋ ਜਾਂਦਾ ਹੈ, ਨਿਸਾਰ ਹੋ ਜਾਂਦਾ ਹੈ, ਫਨਾਹ ਹੋ ਜਾਂਦਾ ਹੈ, ਨਿਛਾਵਰ ਹੋ ਜਾਂਦਾ ਹੈ | ਸਾਹਿਬ ਸ੍ਰੀ ਗੁਰੂ ਅੰਗਦ ਸਾਹਿਬ ਜਿਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਦੇ ਚਰਨ ਕਮਲਾਂ ਵਿੱਚ ਇਸ ਸਿੱਖੀ ਰਸ ਨੂੰ ਪੀਂਦੇ ਹਨ | ਉਹ ਚਰਨਾਂ ਦੇ ਵਿੱਚ

ਜਿਸ ਨਿਮਰਤਾ ਅਤੇ ਗਰੀਬੀ ਵਿੱਚ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਪ੍ਰੇਮ ਕਰਦੇ ਹਨ, ਸਾਧ ਸੰਗਤ ਜੀ ਉਹ ਸਾਰੀਆਂ ਗੁੱਝੀਆਂ ਰਮਜਾਂ, ਗੁੱਝੀਆਂ ਜੁਗਤੀਆਂ, ਗੁਝੇ ਰਹਸ, ਜੋ ਸਿੱਖ ਅਤੇ ਗੁਰੂ ਦੇ ਪਾਕ ਰਿਸ਼ਤੇ ਦੇ ਵਿੱਚ, ਜਿਹੜੇ ਪ੍ਰਕਾਸ਼ ਛੁੱਪੇ ਹੋਏ ਹਨ ਉਹ ਸਾਰਿਆਂ ਨੂੰ ਕਿਸ ਤਰ੍ਹਾਂ ਪ੍ਰਕਾਸ਼ਿਤ ਕਰਦੇ ਹਨ | ਇਹ ਤਾਂ ਉਹ ਅੰਮ੍ਰਿਤ ਬਾਣੀ ਹੀ ਇਸ ਚੀਜ਼ ਦੀ ਗਵਾਹ ਹੈ, ਸਾਖੀ ਹੈ ਕਿ ਕਿਸ ਤਰ੍ਹਾਂ ਇਸ ਸਿੱਖੀ ਰਸ ਨੂੰ ਗੁਰੂ ਅੰਗਦ ਸਾਹਿਬ ਨੇ ਮਾਣਿਆ, ਗੁਰੂ ਅਮਰਦਾਸ ਜੀ ਨੇ ਮਾਣਿਆ, ਗੁਰੂ ਰਾਮਦਾਸ ਜੀ ਨੇ ਮਾਣਿਆ, ਗੁਰੂ ਅਰਜਨ ਪਾਤਸ਼ਾਹ ਜੀ ਨੇ ਮਾਣਿਆ ਅਤੇ ਜਿਸ ਤਰ੍ਹਾ ਗੁਰੂ ਸਾਹਿਬ ਨੇ ਸਿੱਖੀ ਰਸ ਪੀਤਾ ਹੈ | ਇਸ ਸਿੱਖੀ ਨੂੰ ਚਾਰ ਚੰਦ ਲਗਾਉਣ ਵਾਲੇ ਚਾਰੋਂ ਸਾਹਿਬਜ਼ਾਦੇ, ਥੋੜ੍ਹੀਆਂ ਜਿਹੀਆਂ ਕੁੱਝ ਰਹਸ ਕੁੱਝ ਜੁਗਤੀਆਂ ਦੇ ਝਲਕ ਮਾਤਰ ਦਰਸ਼ਨ ਕਰਨੇ ਹਨ|

ਜੇ ਗੁਰੂ ਅੰਗਦ ਸਾਹਿਬ ਆਪਣੇ ਸਤਿਗੁਰੂ ਦੇ ਪਿਆਰ ਵਿੱਚ ਇੱਕ ਵੀ ਹੋਰ ਚੀਜ਼ ਨਹੀਂ ਹੈ, ਇੱਕ ਵੀ ਹੋਰ ਧਿਆਨ ਨਹੀਂ ਹੈ, ਇੱਕ ਵੀ ਹੋਰ ਮੰਗ ਨਹੀਂ ਹੈ, ਗੁਰੂ ਨਾਨਕ ਨਿਰੰਕਾਰ ਤੋਂ ਇਲਾਵਾ ਕੋਈ ਹੋਰ ਨਿਰੰਕਾਰ ਨਹੀਂ ਹੈ, ਗੁਰੂ ਦੀ ਗੱਦੀ ਵੱਲ ਧਿਆਨ ਗਿਆ ਹੈ? ਕੋਈ ਵੀ ਹੋਰ ਇੱਛਾ ਹੈ? ਗੁਰੂ ਨਾਨਕ ਨਿਰੰਕਾਰ ਦੀ ਸ਼ਕਤੀ ਨੂੰ ਉਨ੍ਹਾਂ ਨੇ ਹੱਥ ਪਾਇਆ ਹੈ ਜਾਂ ਉਹਦੀ ਇੱਛਾ ਕੀਤੀ ਹੈ? ਜਿਹੜੇ ਚਾਰ ਚੰਦ ਉਹ ਲਗਾ ਰਹੇ ਹਨ, ਸਿੱਖੀ ਦਾ ਪਹਿਲਾ ਅਸੂਲ ਹੈ ਕਿ ਸਿੱਖ ਕਦੀ ਸ਼ਕਤੀ ਨੂੰ ਹੱਥ ਨਹੀਂ ਪਾਉਂਦਾ | ਗੁਰੂ ਅੰਗਦ ਸਾਹਿਬ ਨੇ ਕਦੀ ਕੋਈ ਕਰਾਮਾਤ ਦਿਖਾਈ ? ਜਿਸ ਨਿਮਰਤਾ ਤੇ ਗਰੀਬੀ ਵਿੱਚ ਸਿੱਖੀ ਦਾ ਪ੍ਰਕਾਸ਼ ਪ੍ਰਗਟ ਹੁੰਦਾ ਹੈ ਉੱਥੇ ਇੱਕ ਚੀਜ਼ ਤਾਂ ਕਮਾਲ

ਹੈ ਕਿ ਗੁਰੂ ਨਾਨਕ ਦੇ ਘਰ ਉਸ ਸਿੱਖੀ ਦੇ ਪ੍ਰਕਾਸ਼ ਦੇ ਵਿੱਚ ਕਰਾਮਾਤ ਦਿਖਾਣਾ ਮਨ੍ਹਾਂ ਹੈ| ਸਾਧ ਸੰਗਤ ਜੀ ਬਾਬਾ ਨੰਦ ਸਿੰਘ ਸਾਹਿਬ ਫੁਰਮਾ ਰਹੇ ਹਨ ਕਿ,

ਕਰਾਮਾਤ ਦਿਖਾਣਾ ਸਿੱਧਾਂ ਦਾ ਕੰਮ ਹੈ ਸਿੱਖ ਦੀ ਕਰਨੀ ਹੀ ਇੱਕ ਵੱਡੀ ਕਰਾਮਾਤ ਹੈ |

ਜਰਾ ਸੋਚ ਕੇ ਦੇਖੀਏ ਕਿ ਇਹ ਜਿਹੜੇ ਚਾਰ ਚੰਦ ਲਗਾ ਰਹੇ ਹਨ,

ਪਹਿਲਾ ਤਾਂ ਹੈ ਕਿ ਸਿੱਖੀ ਦੇ ਵਿੱਚ ਸਿੱਖ ਕਦੀ ਸ਼ਕਤੀ ਨੂੰ ਹੱਥ ਨਹੀਂ ਪਾਉਂਦਾ | ਸਾਹਿਬਜ਼ਾਦਿਆਂ ਨੇ ਜਿਸ ਤਰ੍ਹਾਂ ਇਸ ਰਮਜ਼ ਨੂੰ ਪ੍ਰਕਾਸ਼ਿਤ ਕੀਤਾ ਹੈ|

ਦੂਜਾ ਹੈ ਸਿੱਖ ਕਦੀ ਕੋਈ ਕਰਾਮਾਤ ਨਹੀਂ ਦਿਖਾਉਂਦਾ | ਸਾਧ ਸੰਗਤ ਜੀ ਬਾਬਾ ਨੰਦ ਸਿੰਘ ਸਾਹਿਬ ਦੇ ਉਸ ਫੁਰਮਾਣ ਦੇ ਵਿੱਚ ਤੁਸੀ ਇਹ ਚੀਜ਼ ਨੂੰ ਆਪ ਹੀ ਪਰਖ ਲਓ ਕਿ ਚਾਰੇ ਸਾਹਿਬਜ਼ਾਦਿਆਂ ਨੇ ਉਸ ਵੇਲੇ ਕੋਈ ਕਰਾਮਾਤ ਦਿਖਾਈ ? ਉਹ ਸਿੱਖੀ ਨੂੰ ਕਿਹੜੇ ਚਾਰ ਚੰਦ ਲਗਾ ਰਹੇ ਹਨ ?

ਤੀਜਾ ਹੈ ਉਹ ਸਿੱਖ ਜਿਹੜਾ ਗੁਰੂ ਪਰਾਇਣ ਹੋ ਜਾਂਦਾ ਹੈ, ਜਿਹੜਾ ਗੁਰੂ ਤੇ ਮਰ ਮਿੱਟਦਾ ਹੈ, ਗੁਰੂ ਤੇ ਫਨਾਹ ਹੋ ਜਾਂਦਾ ਹੈ, ਜਿਹੜਾ ਸਿੱਖ ਆਪਣੇ ਆਪ ਨੂੰ ਉਸ ਚਰਨ ਕਮਲਾਂ ਦੀ ਧੂੜ ਵਿੱਚ ਹੀ ਮਿਲਾ ਦਿੰਦਾ ਹੈ, ਗੁਰੂ ਦੇ ਅੰਮ੍ਰਿਤ ਬਚਨਾਂ ਦੇ ਉੱਤੇ ਨਿਛਾਵਰ ਹੋ ਜਾਂਦਾ ਹੈ ਸਾਧ ਸੰਗਤ ਜੀ ਕਦੀ ਆਪਣੇ ਬਚਾਉ ਵਾਸਤੇ, ਆਪਣੇ ਕਿਸੇ ਸਵਾਰਥ ਵਾਸਤੇ ਅਰਦਾਸ ਕਰੇਗਾ? ਸਾਹਿਬਜ਼ਾਦਿਆਂ ਨੇ ਅਰਦਾਸ ਕੀਤੀ? ਸਾਧ ਸੰਗਤ ਜੀ ਬਾਬਾ ਨੰਦ ਸਿੰਘ ਸਾਹਿਬ ਫੁਰਮਾਉਣ ਲੱਗੇ ਇਸ ਪ੍ਰੇਮ

ਦੇ ਪ੍ਰਕਾਸ਼ ਦੇ ਵਿੱਚ ਤਾਂ ਸਿੱਖ ਨੇ ਦੇਣਾ ਹੀ ਦੇਣਾ ਹੈ, ਲੈਣਾ ਕੁੱਝ ਨਹੀਂ | ਜੇ ਸਿੱਖ ਨੇ ਕੁੱਝ ਲੈਣਾ ਹੈ ਤਾਂ ਜੁਦਾਈ ਹੈ, ਉਸ ਲੈਣ ਦੇ ਵਿੱਚ ਜੁਦਾਈ ਹੈ | ਸਿੱਖ ਗੁਰੂ ਦੇ ਅੱਗੇ ਕਦੀ ਆਪਣੇ ਵਾਸਤੇ ਅਰਦਾਸ ਨਹੀਂ ਕਰਦਾ, ਕੁੱਝ ਨਹੀਂ ਮੰਗਦਾ, ਕੁੱਝ ਨਹੀਂ ਲੈਂਦਾ, ਇਹ ਤੀਜੀ ਜੁਗਤੀ ਹੈ ਰਹਸ ਹੈ |

ਸਿੱਖ ਗੁਰੂ ਦੇ ਉੱਤੇ ਨਿਸਾਰ ਹੋ ਜਾਂਦਾ ਹੈ ਬਾਬਾ ਨੰਦ ਸਿੰਘ ਸਾਹਿਬ ਇੱਕ ਦਿਨ ਫੁਰਮਾਉਣ ਲੱਗੇ ਵੀਰਤਾ ਸਹਿਤ ਭਗਤੀ ਨੂੰ ਸਿੱਖੀ ਕਹਿੰਦੇ ਹਨ| ਜਿਸ ਤਰ੍ਹਾਂ ਸਾਹਿਬਜ਼ਾਦਿਆਂ ਨੇ ਇਸ ਮੌਤ ਨੂੰ ਇਸ ਸ਼ਹਾਦਤ ਨੂੰ ਸਤਿਕਾਰਿਆ ਹੈ, ਪਿਆਰਿਆ ਹੈ ਤੇ ਨਿਹਾਰਿਆ ਹੈ ਕੋਈ ਮਿਸਾਲ ਉਸਦੀ ਹੈ? ਇੰਨੇ ਮਾਸੂਮ ਬੱਚੇ ਜਿਸ ਮੌਤ ਤੋਂ ਦੁਨੀਆਂ ਡਰਦੀ ਹੈ ਉਸ ਮੌਤ ਨੂੰ ਜੂਝਦੇ ਕਿਸ ਤਰ੍ਹਾਂ ਹਨ | ਸਾਧ ਸੰਗਤ ਜੀ ਇੱਕ ਚੀਜ਼ ਹੋਰ ਕਦੀ ਨਾ ਭੁਲੀਏ, ਜਿਸ ਦਰਦਨਾਕ ਵਾਤਾਵਰਨ ਦੇ ਵਿੱਚ, ਹਾਲਾਤ ਦੇ ਵਿੱਚ ਇਹ ਸਾਰੇ ਕਸ਼ਟ ਸਾਹਿਬਜ਼ਾਦੇ ਆਪਣੇ ਉੱਤੇ ਲੈ ਰਹੇ ਹਨ, ਕਿਸ ਦਇਆ ਅਤੇ ਤਰਸ ਦੇ ਸਮੁੰਦਰ ਵਿੱਚ ਸਾਡੇ ਉੱਤੇ ਕਿਹੜੀਆਂ ਮਿਹਰਾਂ, ਬਖਸ਼ਿਸ਼ਾਂ ਕਰ ਰਹੇ ਹਨ | ਕਮਾਲ ਹੈ ਉਸ ਦਰਦਨਾਕ ਵਾਤਾਵਰਨ ਨੂੰ ਯਾਦ ਕਰਦੇ ਹੋਏ ਜਿਸ ਵਕਤ ਧਿਆਨ ਵੀ ਜਾਂਦਾ ਹੈ, ਜਿਸ ਤਰ੍ਹਾਂ ਉਹ ਬਖਸ਼ਿਸ਼ ਉਨ੍ਹਾਂ ਨੇ ਸਾਡੇ ਉੱਤੇ ਕੀਤੀ ਹੈ, ਰਹਿੰਦੀ ਦੁਨੀਆਂ ਤੱਕ ਕੀਤੀ ਹੈ, ਜਿਹੜਾ ਉਨ੍ਹਾਂ ਨੇ ਰੰਗ ਇਸ ਪ੍ਰਕਾਸ਼ ਦੇ ਵਿੱਚ ਭਰਿਆ ਹੈ, ਜਿਹੜਾ ਸਮੇਂ ਨਾਲ ਚੱਕਰ ਚੱਲ ਰਿਹਾ ਹੈ, ਸਾਧ ਸੰਗਤ ਜੀ ਉਸ ਦਰਦ ਦੇ ਵਿੱਚ ਜਿਸ ਵਕਤ ਅਸੀ ਆਪਣੇ ਹੀ ਸਾਹਿਬ ਸਤਿਗੁਰੂ ਦੇ ਚਾਰੋਂ ਸਾਹਿਬਜ਼ਾਦਿਆਂ ਨੂੰ ਚੇਤੇ ਕਰਦੇ ਹਾਂ, ਉਸ ਵੇਲੇ ਉਸ ਪ੍ਰੇਮ ਦੀ ਯਾਦ ਦੇ ਵਿੱਚ, ਜਿਸ ਵਕਤ ਉਸ ਦਰਦ

ਨੂੰ ਥੋੜ੍ਹਾ ਵੀ ਅਨੁਭਵ ਕਰਦੇ ਹਾਂ ਤਾਂ ਉਸ ਵੇਲੇ ਉਸ ਅਨੁਭਵ ਦਾ ਇਸ ਤਰ੍ਹਾਂ ਦਾ ਅਸਰ ਹੁੰਦਾ ਹੈ ਕਿ ਸਾਹਿਬਜ਼ਾਦਿਆਂ ਦੀ ਉਹ ਪ੍ਰਕਾਸ਼ਮਈ ਪ੍ਰੇਰਨਾ ਸਾਨੂੰ ਆਪਣੇ ਹੀ ਪ੍ਰਕਾਸ਼ ਵਿੱਚ ਖਿਚ ਲੈਂਦੀ ਹੈ |

ਦੇਹ ਸਿਵਾ ਬਰ ਮੋਹਿ ਇਹੈ

ਸੁਭ ਕਰਮਨ ਤੇ ਕਬਹੂੰ ਨ ਟਰੋਂ||

ਨ ਡਰੋਂ ਅਰਿ ਸੋ ਜਬ ਜਾਇ ਲਰੋਂ

ਨਿਸਚੈ ਕਰ ਆਪਨੀ ਜੀਤ ਕਰੋਂ||

ਅਰੁ ਸਿੱਖ ਹੋਂ ਆਪਨੇ ਹੀ ਮਨ ਕੌ

ਇਹ ਲਾਲਚ ਹਉ ਗੁਨ ਤਉ ਉਚਰੋਂ||

ਜਬ ਆਵ ਕੀ ਅਉਧ ਨਿਧਾਨ ਬਨੈ

ਅਤਿ ਹੀ ਰਨ ਮੈ ਤਬ ਜੂਝ ਮਰੋਂ||

## ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ||

ਧੰਨ ਗੁਰੂ ਨਾਨਕ ਸੱਚੇ ਪਾਤਸ਼ਾਹ ਕਲਿਜੁਗ ਵਿੱਚ ਤਸ਼ਰੀਫ ਲਿਆਉਂਦੇ ਹਨ | ਸਾਧ ਸੰਗਤ ਜੀ ਨਿਰੰਕਾਰ ਜਦੋਂ ਵੀ ਆਉਂਦਾ ਹੈ ਪ੍ਰੇਮ ਬੱਧਾ ਆਉਂਦਾ ਹੈ | ਅਸੀਂ ਸਾਰੇ ਕਰਮ ਬੱਧੇ ਆਪਣੇ ਕਰਮਾਂ ਨੂੰ ਭੋਗਣ ਵਾਸਤੇ ਆਉਂਦੇ ਹਾਂ | ਨਿਰੰਕਾਰ ਪ੍ਰੇਮ ਬੱਧਾ ਆਉਂਦਾ ਹੈ, ਫਿਰ ਉਹ ਪ੍ਰੇ੍ਮ ਦੀ ਬਚਿੱਤਰ ਲੀਲ੍ਹਾ ਰਚਦਾ ਹੈ ਉਸ ਦੇ ਵਿੱਚ ਕਿਹੜੇ ਰੰਗ ਭਰਦਾ

ਹੈ | ਬੜੀ ਅਸਚਰਜ ਗੱਲ ਹੈ ਜਦੋਂ ਪੰਜਵਾ ਗੁਰੂ ਨਾਨਕ ਅੱਗ ਦੇ ਵਿੱਚ ਆਸਣ ਲਾ ਲੈਂਦਾ ਹੈ| ਬਾਬਾ ਨੰਦ ਸਿੰਘ ਸਾਹਿਬ ਨੇ ਫੁਰਮਾਇਆ ਕਿ

ਜਿਸ ਵਕਤ ਵੀ ਇਸ ਸੰਸਾਰ ਦੇ ਕਸ਼ਟ ਆਪਣੇ ਉੱਤੇ ਲੈ ਕੇ ਭੁਗਤਾਨ ਕਰਨਾ ਹੋਵੇ ਤਾਂ ਉਹ ਆਪ ਆ ਜਾਂਦਾ ਹੈ | ਸਾਧ ਸੰਗਤ ਜੀ ਆਪਣੇ ਉੱਤੇ ਲੈ ਕੇ ਕਿਸ ਤਰ੍ਹਾਂ ਭੁਗਤਾਨ ਕੀਤਾ ਹੈ | ਸਾਹਿਬ ਨੇ ਕੋਈ ਵਿੱਚਾਰਿਆ ਕਿਸ ਕੋਮਲ ਉਮਰ ਦੇ ਵਿੱਚ ਅਠਵੇ ਪਾਤਸ਼ਾਹ ਨੂੰ, ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਕਹਿ ਰਹੇ ਹਨ ਕਿ ਆਓ ਹੁਣ ਤੁਹਾਡੀ ਵਾਰੀ ਹੈ |

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ

ਇਹੁ ਬਿਰਦੁ ਸੁਆਮੀ ਸੰਦਾ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-544)*

ਗੁਰੂ ਨਾਨਕ ਦੀ ਸਰਨ ਦਾ ਪ੍ਰਕਾਸ਼ ਦਸ ਰਹੇ ਹਨ ਕਿ ਉਸ ਪ੍ਰਕਾਸ਼ ਦੇ ਵਿੱਚ, ਉਸ ਸਰਨ ਦੇ ਵਿੱਚ ਜਿਹੜਾ ਗੁਰੂ ਨਾਨਕ ਦੀ ਸ਼ਰਨ ‘ਚ ਆ ਜਾਂਦਾ ਹੈ | ਸਾਹਿਬ ਸ੍ਰੀ ਹਰਿਕ੍ਰਿਸ਼ਨ ਸਾਹਿਬ ਦੇ ਚਰਨਾਂ ਵਿੱਚ ਦਿੱਲੀ ਭੱਜੀ ਹੈ ਉਨ੍ਹਾਂ ਦੇ ਗੁਣ ਅਵਗੁਣ ਚਿਤਾਰੇ, ਉਨ੍ਹਾ ਵੱਲ ਦੇਖਿਆ ਹੈ ਕਿ ਕੋਈ ਮੁਸਲਮਾਨ ਹੈ, ਕੋਈ ਈਸਾਈ ਹੈ, ਕੋਈ ਹਿੰਦੂ ਹੈ, ਕੋਈ ਸਿੱਖ ਹੈ ਉਨ੍ਹਾਂ ਦਾ ਧਰਮ ਦੇਖਿਆ ਕਿ ਇਹ ਕੌਣ ਹੈ ? ਉਹ ਨਿਰੰਕਾਰ ਦਾ ਨੂਰ ਸਭ ਦਾ ਸਾਂਝਾ ਹੈ | ਗੁਰੂ ਨਾਨਕ ਨੇ ਉਸ ਵੇਲੇ ਕਿਸੇ ਦੇ ਗੁਣ, ਅਵਗੁਣ ਨਹੀਂ ਚਿਤਾਰੇ | ਗੁਰੂ ਨਾਨਕ ਨੇ ਸਭ ਦਾ ਕਸ਼ਟ ਆਪਣੇ ਉਤੇ ਲੈਕੇ ਉਸਦਾ ਭੁਗਤਾਨ ਕਰ ਦਿੱਤਾ | ਬਾਬਾ ਨੰਦ ਸਿੰਘ ਸਾਹਿਬ ਨੇ ਇਹ ਫੁਰਮਾਇਆ ਕਿ ਉਹ

ਜਿਸ ਵਕਤ ਆਉਂਦਾ ਹੈ ਉਹ ਦੂਜਿਆਂ ਦਾ ਕਸ਼ਟ ਆਪਣੇ ਉੱਤੇ ਲੈ ਕੇ ਭੁਗਤਾਨ ਕਰ ਦਿੰਦਾ ਹੈ | ਸਾਧ ਸੰਗਤ ਜੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਰਨ ਦੇ ਵਿੱਚ ਜਿਸ ਤਰ੍ਹਾਂ ਫਿਰ ਆਏ ਹਨ, ਫਿਰ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਨ ਸਰਬੰਸਦਾਨੀ ਉਸ ਵੇਲੇ ਨੌ ਸਾਲ ਦੀ ਆਯੂ ਵਿੱਚ ਕੀ ਫ਼ੁਰਮਾ ਰਹੇ ਹਨ ? ਫ਼ੁਰਮਾਉਂਦੇ ਹਨ ਕਿ ਅਗਰ ਉਪਾਇ ਹੀ ਬਲੀਦਾਨ ਹੈ ਅਤੇ ਜੇ ਇੱਕ ਮਹਾਂਪੁਰਸ਼ ਦੇ ਬਲੀਦਾਨ ਦੀ ਲੋੜ ਹੈ ਤਾਂ ਸੱਚੇ ਪਾਤਸ਼ਾਹ ਇਸ ਸੰਸਾਰ ਦੇ ਵਿੱਚ ਤੁਹਾਡੇ ਨਾਲੋਂ ਵੀ ਵਡਾ ਕੋਈ ਮਹਾਂਪੁਰਸ਼ ਹੋ ਸਕਦਾ ਹੈ ? ਉਸ ਵੇਲੇ ਨੌਵਾਂ ਗੁਰੂ ਨਾਨਕ ਕਿਸ ਤਰ੍ਹਾਂ ਇੱਕ ਧਰਮ ਦੇ ਆਲੇ ਦੁਆਲੇ ਆਪਣੇ ਸ਼ਹੀਦੀ ਖ਼ੂਨ ਨਾਲ ਰਾਮ ਕਾਰ ਖਿੱਚ ਕੇ ਇੱਕ ਮਹਾਨ ਬਲੀਦਾਨ ਦੇ ਦਿੰਦਾ ਹੈ | ਇਹ ਗੁਰੂ ਨਾਨਕ ਨੇ ਕੀ ਅਸਚਰਜ ਖੇਡ ਕੀਤਾ ਹੈ ? ਕਿਹੜਾ ਅਸਚਰਜ ਰੰਗ ਭਰਨਾ ਸ਼ੁਰੂ ਕੀਤਾ ਹੈ ? ਸਾਧ ਸੰਗਤ ਜੀ ਪ੍ਰੇਮ ਬੱਧਾ ਗੁਰੂ ਨਾਨਕ ਕਰ ਕੀ ਰਿਹਾ ਹੈ | ਫਿਰ ਉਹ ਮਹਾਨ ਸਰਬੰਸਦਾਨੀ ਆਪਣੇ ਬਚਿਆ ਨੂੰ, ਹੁਣ ਦੇਖੋ ਕਿੱਥੇ ਗੁਰੂ ਹਰਿਕ੍ਰਿਸ਼ਨ ਸਾਹਿਬ ਅੱਠ ਸਾਲ ਦੀ ਆਯੂ ਵਿੱਚ ਉਹ ਕੀ ਖੇਡ ਵਰਤਾ ਰਹੇ ਹਨ | ਹੁਣ ਇਹ ਮਾਸੂਮ ਬੱਚੇ ਕੀ ਖੇਡ ਕਰ ਰਹੇ ਹਨ| ਜਦੋਂ ਬੱਚਿਆਂ ਨੂੰ ਕਿਹਾ ਆਓ ਬੱਚਿਓ ਹੁਣ ਤੁਹਾਡੀ ਵਾਰੀ ਹੈ | ਲੱਖਾਂ ਦੀ ਤਾਦਾਦ ਵਿੱਚ ਘਿਰੇ ਹੋਏ ਚਮਕੌਰ ਸਾਹਿਬ ਦੀ ਗੜ੍ਹੀ ਦੇ ਵਿੱਚ ਸਾਹਿਬ ਆਪਣੇ ਵਡੇ ਸਾਹਿਬਜ਼ਾਦਿਆਂ ਨੂੰ ਇਕੱਲੇ-ਇਕੱਲੇ ਤਿਆਰ ਕਰਦੇ ਹਨ | ਦੋਨਾਂ ਨੂੰ ਤਿਆਰ ਕਰਕੇ ਗਲੇ ਲਗਾ ਕੇ ਗਲਵੱਕੜੀ ਵਿੱਚ ਲੈ ਕੇ ਫ਼ੁਰਮਾਉਂਦੇ ਹਨ, ਆਓ ! ਹੁਣ ਤੁਹਾਡੀ ਵਾਰੀ ਹੈ | ਫਿਰ ਇਕੱਲੇ-ਇਕੱਲੇ ਨੂੰ ਜੂਝਨ ਵਾਸਤੇ ਕਿਸ ਤਰ੍ਹਾਂ ਭੇਜਦੇ ਹਨ | ਫਿਰ ਉਸ ਵੇਲੇ ਸ਼ਹੀਦੀ ਦੇ ਰੱਸ ਦੇ ਵਿੱਚ ਜਿਹੜਾ ਮਜੀਠਾ

ਰੰਗ ਗੁਰੂ ਗੋਬਿੰਦ ਸਿੰਘ ਸਾਹਿਬ ਭਰ ਰਹੇ ਹਨ, ਕਮਾਲ ਹੀ ਕਮਾਲ ਹੈ | ਜੋ ਫਿਰ ਸਾਹਿਬਜ਼ਾਦਾ ਅਜੀਤ ਸਿੰਘ ਖੇਡ ਖੇਡਦੇ ਹਨ, ਉਹਦੇ ਬਾਅਦ ਸਾਹਿਬਜ਼ਾਦਾ ਜੁਝਾਰ ਸਿੰਘ ਖੇਡ ਖੇਡਦੇ ਹਨ | ਸਾਧ ਸੰਗਤ ਜੀ ਸਾਡੇ ਉੱਤੇ ਦਇਆ, ਤਰਸ ਕਰਕੇ ਉਸ ਵੇਲੇ ਗੁਰੂ ਗੋਬਿੰਦ ਸਿੰਘ ਸਾਹਿਬ ਸਾਡੀ ਝੋਲੀ ਵਿੱਚ ਕੀ ਪਾ ਰਹੇ ਹਨ?

## ਬਚਿੱਤਰ ਲੀਲ੍ਹਾ ਦੇ ਪ੍ਰਕਾਸ਼ਮਈ ਅੰਗ

ਇਸ ਘੋਰ ਅੰਧਕਾਰ ਕਲਿਜੁਗ ਦੇ ਵਿੱਚ ਨਿਰੰਕਾਰ ਗੁਰੂ ਨਾਨਕ ਪਾਤਸ਼ਾਹ ਦੇ ਸਰੂਪ ਦੇ ਵਿੱਚ ਆਏ | ਦਸ ਜੋਤਾਂ ਦੇ ਵਿੱਚ ਗੁਰੂ ਨਾਨਕ ਨਿਰੰਕਾਰ ਨੇ ਐਸੀ ਅਸਚਰਜ, ਪ੍ਰਕਾਸ਼ਮਈ ਬਚਿੱਤਰ ਲੀਲ੍ਹਾ ਰਚੀ ਹੈ ਉਸਦੇ ਕੁੱਝ ਪ੍ਰਕਾਸ਼ਮਈ ਅੰਗ ਆਪ ਨਾਲ ਸਾਂਝੇ ਕਰਨ ਦਾ ਇੱਕ ਨਿਮਾਣਾ ਜਿਹਾ ਜਤਨ ਕਰ ਰਿਹਾ ਹਾਂ |

ਦਸ ਜੋਤਾਂ ਦੇ ਵਿੱਚ ਗੁਰੂ ਨਾਨਕ ਨਿਰੰਕਾਰ ਨੇ ਇਸ ਤਰ੍ਹਾਂ ਦੇ ਮਹਾਨ ਬਲੀਦਾਨ, ਮਹਾਨ ਪੂਰਨੇ ਪਾਏ ਜਿਨ੍ਹਾਂ ਦੀ ਮਿਸਾਲ ਮਿਲਦੀ ਹੀ ਨਹੀਂ| ਜਿਸ ਤਰ੍ਹਾਂ ਚਾਰ ਸਾਹਿਬਜ਼ਾਦਿਆਂ ਨੇ ਚਾਰ ਚੰਦ ਲਗਾਏ ਹਨ | ਸਾਧ ਸੰਗਤ ਜੀ ਐਡੀ ਦਰਦਨਾਕ ਇਹ ਬਚਿੱਤਰ ਲੀਲ੍ਹਾ, ਐਡੇ ਮਹਾਨ ਬਲੀਦਾਨ ਇਹ 239 ਸਾਲ ਦਾ ਖੇਡ ਕਿਸ ਕਰਕੇ ਰਚਿਆ ? ਗੁਰੂ ਨਾਨਕ ਦੀ ਗੱਦੀ ਤੇ ਜਿਸ ਵਕਤ ਦਸਮੇਸ਼ ਪਿਤਾ, ਜਿਸ ਨਿਮਰਤਾ ਤੇ ਗਰੀਬੀ ਦੇ ਪ੍ਰਕਾਸ਼ ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਸ਼ੋਬਿਤ ਕਰਦੇ ਹਨ, ਪ੍ਰਕਾਸ਼ ਕਰਦੇ ਉਸ ਵੇਲੇ ਕਿਸ ਤਰ੍ਹਾਂ ਸਾਹਿਬ

ਦੀ ਪਰਿਕ੍ਰਮਾ ਕਰਦੇ ਹਨ ਚੌਰ (ਚਵਰ) ਕਰਦੇ ਹਨ ਲਾਂਭ੍ਹੇ ਹੋ ਜਾਂਦੇ ਹਨ | ਸਜਦਾ ਕਰਦੇ ਹਨ ਅਤੇ ਸਾਨੂੰ ਸਾਰਿਆਂ ਨੂੰ ਪ੍ਰਗਟ ਗੁਰਾਂ ਦੀ ਦੇਹ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੇ ਚਰਨ ਕਮਲਾਂ ਚ' ਸੌਂਪ ਕੇ ਆਪ ਅਲੋਪ ਹੋ ਜਾਂਦੇ ਹਨ

ਸਾਧ ਸੰਗਤ ਜੀ ਮਹਾਨ ਸਰਬਸੰਦਾਨੀ ਆਪਣਾ ਸਭ ਕੁੱਝ ਕੁਰਬਾਣ ਕਰ ਦਿੰਦਾ ਹੈ | ਉਸ ਵੇਲੇ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੀ ਗੱਦੀ ਤੇ ਉਸ ਗੁਰੂ ਨਾਨਕ ਨਿਰੰਕਾਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੇ ਵਿੱਚ ਸ਼ਸ਼ੋਬਿਤ ਕਰਦੇ ਹਨ | ਉਸ ਵੇਲੇਇੱਕਚੀਜ਼ ਤਾਂ ਪ੍ਰਤੱਖ ਹੁੰਦੀ ਹੈ ਕਿ ਇਹ 239 ਸਾਲ ਦਾ ਮਹਾਨ ਖੇਡ ਜੋ ਖੇਡਿਆ ਹੈ ਸਾਹਿਬ ਨੇ ਉਸ ਵੇਲੇ ਸਾਡੇ ਉੱਤੇ ਦਇਆ ਅਤੇ ਤਰਸ ਕਰਦੇ ਹੋਏ, ਸਾਨੂੰ ਉਨ੍ਹਾਂ ਦੇ ਚਰਨ ਕਮਲਾਂ ਵਿੱਚ ਸੌਂਪ ਕੇ ਸਾਡੇ ਨਿਰੰਕਾਰ ਸਰੂਪ ਗੁਰੂ ਨਾਨਕ ਪਾਤਸ਼ਾਹ (ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਰਹਿੰਦੀ ਦੁਨੀਆਂ ਤਕ ਸਾਡੇ ਵਿੱਚ ਸਾਨੂੰ ਹੀ ਦੇ ਦਿੱਤਾ ਹੈ | ਇਹ ਖੇਡ ਗੁਰੂ ਨਾਨਕ ਆਪ ਹੀ ਦਸ ਜੋਤਾਂ ਦੇ ਵਿੱਚ ਖੇਡ ਰਿਹਾ ਹੈ |

## ਪਹਿਲਾ ਪ੍ਰਕਾਸ਼ਮਈ ਅੰਗ

ਬਾਬਾ ਨੰਦ ਸਿੰਘ ਸਾਹਿਬ ਨੇ ਜਿਸ ਵਕਤ ਆਪਣੀ ਮਹਾਨ ਪ੍ਰੇਮ ਆਹੂਤੀ ਆਤਮ ਆਹੂਤੀ, ਦੇ ਕੇ ਪੂਰਾ ਗੁਰੂ ਪਰਾਇਣ ਹੋ ਕੇ ਦਸੋਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਦੇ ਵਿੱਚ ਜਿਸ ਵਕਤ ਨਿਰੰਕਾਰ ਦੀ ਜੋਤ ਨੂੰ ਪ੍ਰਗਟ ਕੀਤਾ ਹੈ, ਨਿਰੰਕਾਰ ਨੂੰ ਆਕਾਰ ਸਰੂਪ ਦੇ ਵਿੱਚ, ਗੁਰੂ ਨਾਨਕ ਨਿਰੰਕਾਰ ਦੇ ਸਰੂਪ ਦੇ ਵਿੱਚ ਸਾਹਮਣੇ ਉਤਾਰ ਲਿਆ ਹੈ, ਬਿਠਾ ਲਿਆ ਹੈ ਫਿਰ

ਗੁਰੂ ਨਾਨਕ ਦੀ ਪ੍ਰਤੱਖ ਸੇਵਾ ਕੀਤੀ ਹੈ | ਉਸ ਵੇਲੇ ਰਹਿੰਦੀ ਦੁਨੀਆਂ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਕੋਈ ਸੰਸਾ ਨਹੀਂ ਛੱਡਿਆ ਕਿ ਗੁਰੂ ਨਾਨਕ ਪਾਤਸ਼ਾਹ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿੱਚ ਸਾਹਮਣੇ ਬਿਰਾਜਮਾਨ ਹਨ | ਸਾਧ ਸੰਗਤ ਜੀ ਉਸ ਵੇਲੇ ਕਿਤਾਬ ਅਤੇ ਪੁਸਤਕ ਦ੍ਰਿਸ਼ਟੀ ਤੋਂ ਬਾਬਾ ਨੰਦ ਸਿੰਘ ਸਾਹਿਬ ਕਿਸ ਤਰ੍ਹਾਂ ਚੁੱਕ ਕੇ ਸਾਨੂੰ ਨਿਰੰਕਾਰ ਭਾਵਨਾ ਤੇ ਨਿਰੰਕਾਰ ਦ੍ਰਿਸਟੀ ਵਿੱਚ ਲਜਾ ਰਹੇ ਹਨ| ਜੇ ਸਾਡੀ ਇਹ ਭਾਵਨਾ ਬੁੱਝ ਜਾਏ ਤਾਂ ਕੋਈ ਭਟਕਣਾ ਰਹਿੰਦੀ ਹੀ ਨਹੀਂ, ਸਾਰੀ ਭਟਕਣਾ ਖਤਮ ਹੋ ਜਾਂਦੀ ਹੈ ਕਿਉਂਕਿ ਮਾਲਕ ਜਿਉਂ ਘਰ ਬੈਠਾ ਹੈ |

## ਦੂਜਾ ਪ੍ਰਕਾਸ਼ਮਈ ਅੰਗ

ਬਾਬਾ ਨੰਦ ਸਿੰਘ ਸਾਹਿਬ ਫੁਰਮਾਉਣ ਲੱਗੇ ਕਿ ਇਹ ਸਿੱਖੀ ਬੜੀ ਅਨਮੋਲ ਹੈ | ਸਿੱਖ ਕਦੀ ਵੀ ਗੁਰੂ ਨਾਨਕ ਦੀ ਸਿੱਖੀ ਦਾ ਦਾਅਵਾ ਨਾ ਛੱਡੇ, ਇਹ ਸੁਆਸਾਂ ਨਾਲ ਲਈ ਹੈ ਅਤੇ ਆਖ਼ਰੀ ਸੁਆਸ ਤਕ ਨਿੱਭਣੀ ਚਾਹੀਦੀ ਹੈ | ਉਸ ਵੇਲੇ ਫੁਰਮਾਇਆ ਕਿ,

ਬੜੇ ਲੋਕ ਕਿਤਾਬਾਂ ਲਿਖ ਗਏ ਹਨ ਕਿ ਉੱਤਮ ਕਰਮ ਕੀ ਹੈ ਤੇ ਮੰਦਾ ਕਰਮ ਕੀ ਹੈ? ਫੁਰਮਾਉਂਣ ਲੱਗੇ ਸਿੱਖ ਦੀ ਗੁਰੂ ਦੇ ਸਤਿਗੁਰੂ ਦੇ ਚਰਨ ਕਮਲਾਂ ਨਾਲ ਨਿੱਭ ਜਾਏ, ਸਤਿਗੁਰੂ ਦੇ ਚਰਨ ਕਮਲਾਂ ਨਾਲ ਬਣ ਆਵੇ ਇਸ ਤੋਂ ਉੱਤਮ ਕਰਮ ਹੋਰ ਕੋਈ ਨਹੀਂ| ਸਤਿਗੁਰੂ ਦੇ ਚਰਨ ਕਮਲਾਂ ਨਾਲ ਨਾ ਬਣ ਸਕੇ, ਨਾ ਨਿੱਭ ਸਕੇ ਇਸ ਤੋਂ ਥੱਲੇ ਮੰਦਾ ਕਰਮ ਕੋਈ ਨਹੀਂ | ਸਿੱਖ

ਗੁਰੂ ਨਾਨਕ ਦਾ ਬਣਿਆ ਰਹੇ ਸਿੱਖੀ ਦਾ ਦਾਅਵਾ ਕਦੀ ਨਾ ਛਡੇ | ਫਿਰ ਜਿਸ ਨਿਮਰਤਾ ਤੇ ਗਰੀਬੀ 'ਚ ਫ਼ੁਰਮਾਇਆ ਕਿ ਅਸੀ ਸਿੱਖ ਬਨਣ ਦਾ ਬੜਾ ਜਤਨ ਕੀਤਾ ਹੈ ਪਰ ਹਾਲੇ ਤਕ ਪੂਰਾ ਨਹੀਂ ਬਣ ਸਕੇ |

## ਤੀਜਾ ਪ੍ਰਕਾਸ਼ਮਈ ਅੰਗ

ਬਾਬਾ ਨੰਦ ਸਿੰਘ ਸਾਹਿਬ ਫ਼ੁਰਮਾਉਂਣ ਲੱਗੇ ਕਿ ਸਤਿਗੁਰੂ ਭਾਵਨਾ ਅਤੇ ਪ੍ਰੇਮ ਦਾ ਭੁੱਖਾ ਹੈ |

ਗੋਬਿਦ ਭਾਓ ਭਗਤ ਦਾ ਭੁਖਾ||

ਜਦ ਤਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉੱਤੇ, ਉਹ ਹਾਜ਼ਰ ਨਾਜ਼ਰ-ਪ੍ਰਗਟ ਗੁਰਾਂ ਦੀ ਦੇਹ ਦੀ ਭਾਵਨਾ ਨਹੀਂ ਬੱਝਦੀ, ਉਦੋਂ ਤਕ ਭਟਕਨਾ ਹੈ, ਜਿਸ ਵਕਤ ਇਹ ਭਾਵਨਾ ਬੱਝ ਜਾਏ ਕਿ ਗੁਰੂ ਨਾਨਕ ਨਿਰੰਕਾਰ ਸਾਡੇ ਵਿੱਚ, ਸਾਡੇ ਸਾਹਮਣੇ ਬੈਠਾ ਹੈ, ਉਸ ਵੇਲੇ ਕੋਈ ਭਟਕਨਾ ਨਹੀਂ ਕਿਉਂਕਿ ਮਾਲਕ ਜੋ ਘਰ 'ਚ ਬੈਠਾ ਹੈ, ਗੁਰੂ ਨਾਨਕ ਜਿਓ ਸਾਡੇ ਸਾਮ੍ਹਣੇ ਘਰ 'ਚ ਬੈਠਾ ਹੈ |

ਚੌਥਾ ਪ੍ਰਕਾਸ਼ਮਈ ਅੰਗ

ਜਿਸ ਵਕਤ ਗੁਰੂ ਨਾਨਕ ਪਾਤਸ਼ਾਹ ਫੁਰਮਾ ਰਹੇ ਹਨ:

ਜੋ ਜਨਮੇ ਸੇ ਰੋਗਿ ਵਿਆਪੇ ||

ਹਉਮੈ ਮਾਇਆਤ ਦੂਖਿ ਸੰਤਾਪੇ ||

ਸੇ ਜਨ ਬਾਚੇ ਜੋ ਪ੍ਰਭਿ ਰਾਖੇ ||

ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-352)*

ਸਤਿਗੁਰੂ ਦੀ ਸੇਵਾ ਕੀ ਹੈ ?

ਸੇਵਾ ਕਰਤ ਹੋਇ ਨਿਹਕਾਮੀ ||

ਤਿਸ ਕਉ ਹੋਤ ਪਰਾਪਤਿ ਸੁਆਮੀ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-286-287)*

ਸਤਿਗੁਰੁ ਸੇਵੇ ਤਿਲੁ ਨ ਤਮਾਇ

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-470)*

ਸਾਹਿਬ ਸੱਚੇ ਪਾਤਸ਼ਾਹ ਦੀ ਸੇਵਾ ਪੂਰੀ ਨਿਸ਼ਕਾਮਤਾ ਵਿੱਚ ਹੋਣੀ ਚਾਹੀਦੀ ਹੈ ਜਿਸ ਤਰ੍ਹਾਂ ਸਾਹਿਬਜ਼ਾਦਿਆਂ ਨੇ ਹਰਇੱਕਚੀਜ਼ ਨਿਸ਼ਕਾਮਤਾ 'ਚ ਕੀਤੀ ਹੈ | ਸਾਧ ਸੰਗਤ ਜੀ ਗੁਰੂ ਨਾਨਕ ਪਾਤਸ਼ਾਹ ਦਾ ਫੁਰਮਾਣ ਹੈ:

ਸਦਾ ਰਹੈ ਨਿਹਕਾਮੁ ਜੇ ਗੁਰਮਤਿ ਪਾਈਐ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-752)*

ਗੁਰਮੱਤ ਦਾ ਸੁਨਿਹਰੀ ਅਸੂਲ ਨਿਸ਼ਕਾਮਤਾ ਹੈ | ਸਾਧ ਸੰਗਤ ਜੀ ਸਤਿਗੁਰੂ ਦੇ ਰੋਮ-ਰੋਮ ਵਿੱਚ ਉਹ ਅੰਮ੍ਰਿਤ ਵਹਿੰਦਾ ਹੈ, ਸਤਿਗੁਰੂ ਦੇ ਰੋਮ-ਰੋਮ ਚੋਂ ਉਹ ਅੰਮ੍ਰਿਤ ਦੀ ਵਰਖਾ ਹੁੰਦੀ ਹੈ | ਪਿਤਾ ਜੀ ਉਸ ਵੇਲੇ ਕਹਿਣ ਲੱਗੇ ਕਿ ਕਿਹੜਾ ਅੰਮ੍ਰਿਤ ?

ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ

ਤਾ ਅਟਲੁ ਅਮਰੁ ਨ ਮੁਆ ||

ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ

ਫਿਰਿ ਲੇਖਾ ਮੂਲਿ ਨ ਲਇਆ ||

*ਸ੍ਰੀ ਗੁਰੂ ਅਰਜਨ ਦੇਵ ਜੀ*

ਅਸੀਂ ਤਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ, ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਸਨਮੁੱਖ ਬੈਠੇ ਹਾਂ, ਉਨ੍ਹਾਂ ਦੇ ਚਰਨ ਕਮਲਾਂ 'ਚ ਬੈਠੇ ਹਾਂ ਅਤੇਇੱਕਬੂੰਦ ਅੰਮ੍ਰਿਤ ਦੀ ਜਿਹੜਾ ਸਤਿਗੁਰੂ ਬਖਸ਼ਿਸ਼ ਕਰਦਾ ਹੈ, ਉਸਦੇ ਨਾਲ ਕਿਉਂਕਿ ਇਹ ਮ੍ਰਿਤ ਲੋਕ ਹੈ ਜਿੱਥੇ ਹਰ ਚੀਜ਼ ਤਤਵਿਨਾਸ਼ੀ ਹੈ, ਇਸ ਵਿਨਾਸ਼ ਚੋਂ ਕਢ ਕੇ ਸਤਿਗੁਰੂ ਦਾ ਉਹ ਅੰਮ੍ਰਿਤ ਸਦਾ ਲਈ ਅਮਰ ਕਰ ਦਿੰਦਾ ਹੈ |

ਪਿਤਾ ਜੀ ਫਿਰ ਫੁਰਮਾਉਂਣ ਲੱਗੇ ਕਿ ਜਿਸਨੂੰ ਵੀ ਸਤਿਗੁਰੂ ਅੰਮ੍ਰਿਤ ਦੀ ਇਹਇੱਕਬੂੰਦ ਬਖਸ਼ ਦਿੰਦਾ ਹੈ ਉਹਨੂੰ ਸਦਾ ਲਈ ਸੁਰਜੀਤ ਕਰ ਦਿੰਦਾ ਹੈ | ਬਾਬਾ ਨੰਦ ਸਿੰਘ ਸਾਹਿਬ ਨੇ ਫੁਰਮਾਇਆ ਜਿਸਨੇ ਵੀ ਇਹ ਅੰਮ੍ਰਿਤ ਰਸ ਸਤਿਗੁਰੂ ਸੇਵਿ ਅੰਮ੍ਰਿਤ ਸਰੁ ਚਾਖੇ|| ਚੱਖ ਲਿਆ ਹੈ ਉਸਦੀ ਅਡਰੀ ਹਸਤੀ ਰਹਿੰਦੀ ਹੀ ਨਹੀਂ |

ਸੁਣੋ ਮੇਰੇ ਵੀਰ ਜੀਓ ਨਿਰੰਕਾਰ ਕਿੱਥੇ ਵਸਦਾ ||

ਪਿਤਾ ਦਸਮੇਸ਼ ਦਾ ਪਰਿਵਾਰ ਜਿੱਥੇ ਵਸਦਾ ||

ਚਮਕੋਰ ਦੀ ਗੜ੍ਹੀ 'ਚ ਅਜੀਤ,

ਜੁਝਾਰ ਜਿੱਥੇ ਵਸਦਾ ||

ਸਰਹਿੰਦ ਦੀ ਦੀਵਾਰ 'ਚ

ਜੋਰਾਵਰ ਫਤਿਹ ਸਿੰਘ ਵਸਦਾ ||
ਸੁਣੋ ਮੇਰੇ ਵੀਰ ਜੀਓ ਨਿਰੰਕਾਰ ਕਿੱਥੇ ਵਸਦਾ ||
ਗ੍ਰਿਹਸਤ ਵਿੱਚ ਪ੍ਰੇਮ ਪਦ ਪਾਉਣਾ ਕਿਵੇਂ ਦਸਦੇ||
ਰੋਮ-ਰੋਮ 'ਚ ਪ੍ਰੇਮ ਨੂੰ ਵਸਾਉਣਾ ਕਿਵੇਂ ਦਸਦੇ||
ਦਸਵੇਂ ਦੁਆਰ ਵਿੱਚ ਕਿਵੇਂ ਪ੍ਰੇਮ ਰਸਦਾ ||
ਪ੍ਰੇਮ ਵਾਲਾ ਰਾਹ ਕਲਗੀਆਂ ਵਾਲਾ ਜਿੱਥੇ ਦਸਦਾ ||
ਪਿਤਾ ਦਸਮੇਸ਼ ਦਾ ਪਰਿਵਾਰ ਜਿੱਥੇ ਵਸਦਾ ||
ਸੁਣੋ ਮੇਰੇ ਵੀਰ ਜੀਓ ਨਿਰੰਕਾਰ ਕਿੱਥੇ ਵਸਦਾ ||
ਕੰਵਲ ਫੁੱਲ ਵਾਂਗ ਜੀਉਣਾ ਕਿਵੇਂ ਦੱਸਦੇ ||
ਨਿਮਰਤਾ ਤੇ ਪ੍ਰੇਮ ਰਸ ਪੀਣਾ ਕਿਵੇਂ ਦੱਸਦੇ ||
ਸਿੱਖੀ ਤੇ ਪ੍ਰੇਮ ਵਾਲਾ, ਰੰਗ ਕਿਵੇਂ ਚੜ੍ਹਦਾ ||
ਪ੍ਰੇਮ ਵਾਲਾ ਰਾਹ ਕਲਗੀਆਂ ਵਾਲਾ ਜਿੱਥੇ ਦੱਸਦਾ ||
ਤੇਰੇ ਚਰਨਾ ਤੋਂ ਕਲਗੀਧਰ ਬਲਿਹਾਰੇ ਜਾਵਾਂ ||
ਤੇਰੇ ਰੰਗਾ ਤੋਂ ਕਲਗੀਧਰ ਕੁਰਬਾਨ ਜਾਵਾਂ ||
ਮੈਂ ਵਾਰੇ ਜਾਵਾਂ, ਮੈਂ ਸਦਕੇ ਜਾਂਵਾ ||
ਸਵਾ ਲਖ ਨਾਲ ਲੜਣਾ ਕਿਵੇ ਦੱਸਦੇ ||
ਅੰਮ੍ਰਿਤ ਪੀ ਕੇ ਮੌਤ ਮੋਹਰੇ ਖੱੜ੍ਹਣਾ ਕਿਵੇਂ ਦੱਸਦੇ ||
ਪ੍ਰੇਮ ਵਿੱਚ ਪਰਿਵਾਰ ਨੂੰ ਕਿਵੇਂ ਹੈ ਲੁਟਾਈਦਾ ||
ਪ੍ਰੇਮ ਵਾਲਾ ਰਾਹ ਕਲਗੀਆਂ ਵਾਲਾ ਜਿੱਥੇ ਦੱਸਦਾ ||

ਮੈਂ ਵਾਰੇ ਜਾਵਾਂ, ਮੈਂ ਸਦਕੇ ਜਾਵਾਂ ||

ਤੇਰੇ ਸਾਹਿਬਜ਼ਾਦਿਆਂ ਤੋਂ ਕੁਰਬਾਨ ਜਾਵਾਂ ||

ਪੂਜ ਪਿਤਾ ਕਲਗੀਧਰ

ਸਾਹਿਬਜ਼ਾਦਿਆਂ ਤੋਂ ਵੱਖ ਨਹੀਂ ||

ਸਾਹਿਬਜ਼ਾਦੇ ਉਨ੍ਹਾਂ ਤੋਂ ਵੱਖ ਨਹੀਂ,

ਸਾਡੀ ਵੇਖਣ ਵਾਲੀ ਅੱਖ ਨਹੀਂ ||

ਉਹ ਪੂਰਨੇ ਕੋਈ ਨਹੀਂ ਪਾ ਸਕਦਾ,

ਜੋ ਸਾਹਿਬਜ਼ਾਦੇ ਪਾ ਗਏ ਨੇ ||

ਸਿੱਖੀ ਨੂੰ ਉਹ ਸਿੱਖੋ ਸੂਰਜ ਤੋਂ ਵਧ ਚਮਕਾ ਗਏ ਨੇ ||

ਮੈਂ ਵਾਰੇ ਜਾਵਾਂ, ਮੈਂ ਸਦਕੇ ਜਾਵਾਂ ||

ਤੇਰੇ ਸਾਹਿਬਜ਼ਾਦਿਆਂ ਤੋਂ ਕੁਰਬਾਨ ਜਾਵਾਂ ||

ਸੁਣੋ ਮੇਰੇ ਵੀਰ ਜੀਓ ਨਿਰੰਕਾਰ ਕਿੱਥੇ ਵੱਸਦਾ ||

ਪਿਤਾ ਦਸਮੇਸ਼ ਦਾ ਪਰਿਵਾਰ ਜਿੱਥੇ ਵੱਸਦਾ ||

ਚਮਕੌਰ ਦੀ ਗੜ੍ਹੀ ‘ਚ ਅਜੀਤ ਜੁਝਾਰ ਜਿੱਥੇ ਵੱਸਦਾ ||

ਸਰਹਿੰਦ ਦੀ ਦੀਵਾਰ ‘ਚ

ਜੋਰਾਵਰ ਫਤਿਹ ਸਿੰਘ ਵੱਸਦਾ ||

ਸੁਣੋ ਮੇਰੇ ਵੀਰ ਜੀਓ, ਨਿਰੰਕਾਰ ਕਿੱਥੇ ਵੱਸਦਾ ||

ਪਿਤਾ ਦਸਮੇਸ਼ ਦਾ, ਪਰਿਵਾਰ ਜਿੱਥੇ ਵੱਸਦਾ||

ਜਿੱਥੇ ਮੇਰੇ ਦਿਲ ਦੀਆਂ ਮੁਰਾਦਾਂ ਹੋਣ ਪੂਰੀਆਂ||

ਜਨਮ-ਜਨਮ ਦੀਆਂ ਦੂਰ ਹੋਵਣ ਦੂਰੀਆਂ ||
ਕਲਗੀਧਰ ਦੇ ਕੋਲ ਪ੍ਰੇਮੀ ਲਾਹਾ ਕਿਵੇਂ ਖੱਟਦਾ ||
ਪ੍ਰੇਮ ਵਾਲਾ ਰਾਹ ਕਲਗੀਆਂ ਵਾਲਾ ਜਿੱਥੇ ਦੱਸਦਾ |
ਸੁਣੋ ਮੇਰੇ ਵੀਰ ਜੀਓ ਨਿਰੰਕਾਰ ਕਿੱਥੇ ਵੱਸਦਾ |
ਪਿਤਾ ਦਸਮੇਸ਼ ਦਾ ਪਰਿਵਾਰ ਜਿੱਥੇ ਵੱਸਦਾ |
ਚਮਕੌਰ ਦੀ ਗੜ੍ਹੀ 'ਚ ਅਜੀਤ ਜੁਝਾਰ ਜਿੱਥੇ ਵੱਸਦਾ |
ਸਰਹਿੰਦ ਦੀ ਦੀਵਾਰ 'ਚ
ਜੋਰਾਵਰ ਫਤਿਹ ਸਿੰਘ ਵੱਸਦਾ |
ਸੁਣੋ ਮੇਰੇ ਵੀਰ ਜੀਓ ਨਿਰੰਕਾਰ ਕਿੱਥੇ ਵੱਸਦਾ |
ਪਿਤਾ ਦਸਮੇਸ਼ ਦਾ ਪਰਿਵਾਰ ਜਿੱਥੇ ਵੱਸਦਾ |

**ਗੁਰੂ ਨਾਨਕ ਦਾਤਾ ਬਖਸ਼ ਲੈ |**

**ਬਾਬਾ ਨਾਨਕ ਬਖਸ਼ ਲੈ ||**